# ਗੁਰੂ ਗ੍ਰੰਥ ਅਤੇ ਗੁਰੂ ਪੰਥ

ਸਰਬਜੋਤ ਕੌਰ*

ਸਿੱਖ ਧਰਮ ਦੇ ਸਿਰਜਕਾਂ ਨੇ ਇਸ ਨਿਆਰੇ ਧਰਮ ਦੀ ਉਸਾਰੀ ਸ਼ਬਦ ਅਤੇ ਸੰਗਤ ਰੂਪੀ ਦੋ ਮਜ਼ਬੂਤ ਥੰਮ੍ਹਾਂ ਤੇ ਕੀਤੀ ਜੋ ਹੌਲੀ ਹੌਲੀ ਆਪਣੇ ਵਿਕਸਿਤ ਰੂਪ ਗੁਰੂ ਗ੍ਰੰਥ ਅਤੇ ਗੁਰੂ ਪੰਥ ਰਾਹੀਂ ਪਰਵਾਨ ਚੜ੍ਹੇ। ਗੁਰੂ ਗ੍ਰੰਥ ਅਤੇ ਗੁਰੂ ਪੰਥ ਦੋਹਾਂ ਵਿੱਚ ਸ਼ਬਦ "ਗੁਰੂ" ਅਗੇਤਰ ਵਜੋਂ ਵਰਤਿਆ ਗਿਆ ਹੈ। ਸੰਸਾਰ ਵਿੱਚ ਗ੍ਰੰਥ ਤਾਂ ਅਨੇਕ ਹੋਏ ਹਨ, ਧਰਮ ਗ੍ਰੰਥ ਵੀ ਬਹੁਤ ਹਨ ਪਰ ਗੁਰੂ ਗ੍ਰੰਥ ਕੇਵਲ ਇਕੋ ਹੈ ਅਤੇ ਉਹ ਸਿੱਖਾਂ ਦਾ ਧਰਮ ਗ੍ਰੰਥ ਹੈ। ਏਸੇ ਤਰ੍ਹਾਂ ਦੁਨੀਆਂ ਵਿੱਚ ਪੰਥ ਤਾਂ ਕਈ ਹੋਏ ਹਨ ਪਰ ਗੁਰੂ ਪੰਥ ਕੇਵਲ ਇਕੋ ਹੀ ਹੈ ਤੇ ਉਹ ਸਿੱਖ ਗੁਰੂ ਸੰਚਾਲਕਾਂ ਦੁਆਰਾ ਸਥਾਪਤ ਖਾਲਸਾ ਪੰਥ ਹੈ। ਦੋਨੋਂ ਹੀ ਸਿੱਖ ਧਰਮ ਦੇ ਵੱਡੇ ਆਧਾਰ ਹਨ – ਇਕ ਨਿਰਗੁਣ ਤੇ ਦੂਜਾ ਸਰਗੁਣ, ਇਕ ਅੰਤਰਮੁਖੀ ਤੇ ਦੂਜਾ ਬਾਹਰਮੁਖੀ, ਇਕ ਗੁੱਝੀ ਰਹੱਸਵਾਦੀ ਅਤੇ ਦੂਸਰੀ ਜ਼ਾਹਰੀ ਸ਼ਕਤੀ। ਇਹਨਾਂ ਦੋਹਾਂ ਨਾਲ "ਗੁਰੂ" ਸ਼ਬਦ ਦਾ ਵਰਤਿਆ ਜਾਣਾ ਇਸ ਸ਼ਬਦ ਦੇ ਮਹੱਤਵ ਅਤੇ ਉੱਚਤਮ ਸਥਾਨ ਨੂੰ ਦਰਸਾਉਂਦਾ ਹੈ।

ਵਿਸ਼ਵ ਦੇ ਪ੍ਰਮੁੱਖ ਧਰਮਾਂ ਵਿੱਚ ਮਾਨਵਤਾ ਦੇ ਪਥ ਪ੍ਰਦਰਸ਼ਨ ਲਈ ਕਿਸੇ ਨਾ ਕਿਸੇ ਰੂਪ ਵਿੱਚ ਪਥ-ਪ੍ਰਦਰਸ਼ਕ ਦੀ ਮਾਨਿਅਤਾ ਨੂੰ ਅਵੱਸ਼ ਹੀ ਸਵੀਕਾਰ ਕੀਤਾ ਜਾਂਦਾ ਰਿਹਾ ਹੈ। ਵੱਖ ਵੱਖ ਮੱਤਾਂ ਮਤਾਂਤਰਾਂ ਦੇ ਧਾਰਮਿਕ ਗ੍ਰੰਥਾਂ ਅਤੇ ਰਹੁ-ਰੀਤਾਂ ਵਿੱਚ "ਗੁਰੂ" ਦਾ ਇਕ ਵਿਸ਼ੇਸ਼ ਸਥਾਨ ਹੈ। "ਗੁਰੂ" ਸ਼ਬਦ ਦੀ ਵਰਤੋਂ ਵੈਦਿਕ ਕਾਲ ਤੋਂ ਹੀ ਹੁੰਦੀ ਆ ਰਹੀ ਹੈ। ਵੱਖ-ਵੱਖ ਕੋਸ਼ਾਂ ਅਤੇ ਸ਼ਬਦਾਰਥਾਂ ਦੇ ਅਧਿਐਨ ਤੋਂ "ਗੁਰੂ" ਸ਼ਬਦ ਦੇ ਕਈ ਅਰਥਾਂ ਦਾ ਬੋਧ ਹੁੰਦਾ ਹੈ ਪਰੰਤੂ ਸਾਰਿਆਂ ਦਾ ਸੀਮਤ ਭਾਵ ਮੁੱਖ ਰਖਦਿਆਂ ਕਿਹਾ ਜਾ ਸਕਦਾ ਹੈ ਕਿ "ਗੁਰੂ" ਸੰਸਕ੍ਰਿਤ ਦਾ ਇਕ ਅਜਿਹਾ ਅਨੇਕਾਰਥ ਬੋਧਕ ਸ਼ਬਦ ਹੈ ਜਿਸ ਦੀ ਵਿਉਤਪਤੀ "ਗ੍ਰਿ" ਧਾਤੂ ਤੋਂ ਹੋਈ ਹੈ ਅਤੇ ਜਿਸ ਦਾ ਅਰਥ ਹੈ ਨਿਗਲਣਾ ਜਾਂ ਸਮਝਾਉਣਾ। ਇਸ ਲਈ ਜੋ ਸੱਤਾ ਅਗਿਆਨ ਨੂੰ ਖਾ ਜਾਂਦੀ ਹੈ ਅਤੇ ਤੱਤ ਗਿਆਨ ਦਾ ਪ੍ਰਕਾਸ਼ ਕਰਦੀ ਹੈ ਉਹ ਗੁਰੂ ਹੈ। ਡਾਕਟਰ ਦੀਵਾਨ ਸਿੰਘ ਅਨੁਸਾਰ ਉਹ ਮਹਾਨ ਆਤਮਕ ਸ਼ਕਤੀ ਜੋ ਪ੍ਰਮਾਤਮਾ ਵਲੋਂ ਮਨੁੱਖ ਮਾਤਰ ਦੇ ਕਲਿਆਣ ਅਤੇ ਬ੍ਰਹਮ ਗਿਆਨ ਦੇ ਪ੍ਰਕਾਸ਼ ਵਾਸਤੇ ਸਦੀਵ ਕਾਲ ਲਈ ਨਿਸ਼ਚਿਤ ਕੀਤੀ ਗਈ ਹੈ, ਗੁਰੂ ਅਖਵਾਉਂਦੀ ਹੈ। ਅਧਿਆਤਮਕ ਮੰਡਲ ਵਿੱਚ ਮਨੁੱਖ ਨੂੰ ਹਨੇਰਾ ਭਰਮ ਅਤੇ ਅਗਿਆਨਤਾ ਦਾ ਹੈ ਅਤੇ ਗੁਰੂ ਹੀ ਇਸ ਹਨੇਰੇ ਨੂੰ ਦੂਰ ਕਰਨ ਦੇ ਸਮਰੱਥ ਹੈ :

> ਭ੍ਰਮ ਕੇ ਪਰਦੇ ਸਤਿਗੁਰ ਖੋਲ੍ਹੇ ॥
>
> – ਗੁਰੂ ਗ੍ਰੰਥ ਸਾਹਿਬ, ਪੰਨਾ ੩੮੫

ਭ੍ਰਮ ਕੇ ਪਰਦੇ ਖੋਲ੍ਹਣ ਲਈ ਗੁਰੂ ਚਾਹੇ ਆਪਣੇ ਪੰਜ-ਤੱਤੀ ਸਰੀਰ ਵਿੱਚ ਵਿਦਮਾਨ ਹੈ ਤੇ ਚਾਹੇ ਇਸ ਤੋਂ ਬਾਹਰ, ਉਹ ਆਪਣੇ ਚੇਲਿਆਂ ਦੀ ਰਹਿਨੁਮਾਈ ਵਾਸਤੇ ਮਾਧਿਅਮ ਬਚਨ ਜਾਂ 'ਸ਼ਬਦ' ਨੂੰ ਹੀ ਬਣਾਉਂਦਾ ਹੈ।

---

* Dr, Govt College For Women, Ludhiana

ਦੇਹ ਵਿੱਚ ਵਿਚਰਦਿਆਂ ਉਸ ਦੇ ਮੁਖਾਰਬਿੰਦ ਤੋਂ ਉਚਰੇ ਬਚਨ ਉਸ ਦੇ ਚੇਲਿਆਂ ਤੱਕ ਸ੍ਰਵਣ ਇੰਦਰਿਆਂ ਰਾਹੀਂ ਪਹੁੰਚਦੇ ਹਨ। ਪਰੰਤੂ ਜਦ ਦੇਹ ਨਾ ਰਹੇ ਤਾਂ ਉਹੀ ਬਚਨ ਜੇ ਲਿਖਤ ਰੂਪ ਵਿੱਚ ਪ੍ਰਾਪਤ ਹੋਣ ਤਾਂ ਉਹ ਅੱਖਾਂ ਅਤੇ ਕੰਨਾਂ ਦੋਹਾਂ ਰਾਹੀਂ ਉਸ ਦੇ ਚੇਲੇ ਦੀ ਰਹਿਨੁਮਾਈ ਕਰਦੇ ਹਨ --- ਅੱਖਾਂ ਰਾਹੀਂ ਪਾਠ ਕਰਕੇ ਅਤੇ ਕੰਨਾਂ ਰਾਹੀਂ ਸੰਗਤ ਵਿੱਚ ਸੁਣ ਕੇ। ਇਸੇ ਲਈ ਸਿੱਖ ਧਰਮ ਵਿੱਚ 'ਕਹਿਣ' ਅਤੇ 'ਸੁਣਨ' ਦੋਵੇਂ ਹੀ ਪ੍ਰਵਾਨ ਹਨ। ਖ਼ੈਰ, ਸਾਧਨ ਕੋਈ ਵੀ ਹੋਵੇ, ਤੱਤ ਸਾਰ ਸ਼ਬਦ ਹੀ ਹੈ। ਸ਼ਬਦ ਰਾਹੀਂ ਹੀ ਸੱਚ ਦੀ ਸੋਝੀ ਹੁੰਦੀ ਹੈ ਅਤੇ ਸੱਚ ਨਾਲ ਇਕ ਮਿਕ ਹੋ ਜਾਈਦਾ ਹੈ। ਏਸੇ ਲਈ 'ਸ਼ਬਦ' ਸਿੱਖ ਧਰਮ, ਸਿੱਖ ਚਿੰਤਨ, ਸਿੱਖ ਮਰਿਆਦਾ ਅਤੇ ਸਿੱਖ ਸਭਿਆਚਾਰ ਦਾ ਕੇਂਦਰ ਬਿੰਦੂ ਹੈ। ਗੁਰੂ ਨਾਨਕ ਸਾਹਿਬ ਕੋਲੋਂ ਜਦ ਸਿੱਧਾਂ ਨੇ ਪੁਛਿਆ ਕਿ ਤੇਰਾ ਗੁਰੂ ਕੌਣ ਹੈ ? ਤਾਂ ਆਪ ਦਾ ਇਕ ਟੁੱਕ ਜੁਆਬ ਸੀ - ਮੇਰਾ ਗੁਰੂ ਸ਼ਬਦ ਹੈ।

ਸਬਦੇ ਰਵਿ ਰਹਿਆ ਗੁਰ ਰੂਪਿ ਮੁਰਾਰੇ ॥

– ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੧੧੧੨

ਸਬਦੁ ਗੁਰ ਪੀਰਾ ਗਹਿਰ ਗੰਭੀਰਾ ਬਿਨੁ ਸਬਦੈ ਜਗੁ ਬਉਰਾਨੰ ॥

– ਗੁਰੂ ਗ੍ਰੰਥ ਸਾਹਿਬ, ਪੰਨਾ ੬੩੫

ਇਹੁ ਸੰਸਾਰੁ ਬਿਖੁ ਵਤ ਅਤਿ ਭਉਜਲੁ ਗੁਰ ਸਬਦੀ ਹਰਿ ਪਾਰਿ ਲੰਘਾਈ ॥

– ਗੁਰੂ ਗ੍ਰੰਥ ਸਾਹਿਬ, ਪੰਨਾ ੩੫੩

'ਗੁਰਮਤਿ ਮਾਰਤੰਡ' ਵਿੱਚ ਜਿੱਥੇ ਸ਼ਬਦ ਦੇ ਅਰਥ ਧਰਮ, ਗੁਰਮੰਤ੍ਰ ਅਤੇ ਗੁਰਬਾਣੀ ਹਨ ਉਥੇ ਇਕ ਅਰਥ ਕਰਤਾਰ ਅਤੇ ਸਤਿਗੁਰ ਦੁਆਰਾ ਪ੍ਰਾਪਤ ਹੋਇਆ ਕਰਤਾਰ ਦਾ ਹੁਕਮ ਵੀ ਹਨ। ਕਰਤਾਰ ਸਤਿ ਹੈ :

ਆਦਿ ਸਚੁ ਜੁਗਾਦਿ ਸਚੁ ॥ ਹੈ ਭੀ ਸਚੁ ਨਾਨਕ ਹੋਸੀ ਭੀ ਸਚੁ ॥

– ਗੁਰੂ ਗ੍ਰੰਥ ਸਾਹਿਬ, ਪੰਨਾ ੧

ਜੇ ਸਬਦ ਦਾ ਅਰਥ ਕਰਤਾਰ ਹੈ ਤਾਂ ਫਿਰ ਸਬਦ ਵੀ ਸੱਚ ਹੀ ਹੋਇਆ। ਸੱਚ ਦੀ ਸੋਝੀ ਸੱਚ ਰਾਹੀਂ ਹੀ ਹੋ ਸਕਦੀ ਹੈ। ਇਸੇ ਲਈ ਸੱਚ ਦੀ ਪ੍ਰਾਪਤੀ ਦਾ ਸਭ ਤੋਂ ਸੁਖੱਲਾ ਅਤੇ ਸਭ ਤੋਂ ਪ੍ਰਮਾਣੀਕ ਸਾਧਨ ਸ਼ਬਦ ਰਾਹੀਂ ਸ਼ਬਦ ਦੀ ਅਰਾਧਨਾ ਹੀ ਹੈ। ਇਹੀ ਕਾਰਨ ਹੈ ਕਿ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਵਿੱਚ ਅਧਿਆਤਮਕ ਅਨੁਭਵ ਦੇ ਸੱਚ ਆਚਾਰ ਦਾ ਦੈਵੀ ਤੇ ਸੰਪੂਰਨ ਚਰਿਤਰ ਹੀ ਰੂਪਮਾਨ ਹੁੰਦਾ ਹੈ। ਅਧਿਆਤਮਕ ਅਨੁਭਵ ਵਿਚੋਂ ਰੂਪਮਾਨ ਹੋਇਆ ਹਰ ਬੋਲ ਪਰਮੇਸ਼ਰ ਦਾ ਆਪਣਾ ਬੋਲ ਹੈ :

ਹਉ ਆਪਹੁ ਬੋਲਿ ਨ ਜਾਣਦਾ ਮੈ ਕਹਿਆ ਸਭੁ ਹੁਕਮਾਉ ਜੀਉ ॥

– ਗੁਰੂ ਗ੍ਰੰਥ ਸਾਹਿਬ, ਪੰਨਾ ੭੬੩

ਗੁਰੂ ਗ੍ਰੰਥ ਸਾਹਿਬ ਦੀ ਸਾਰੀ ਬਾਣੀ ਕਰਤਾਰੀ ਸਖਸ਼ੀਅਤਾਂ ਦੇ ਸ਼ਬਦ ਬੋਲ ਦਾ ਭੰਡਾਰ ਹੈ। ਕਰਤਾਰੀ ਅਤੇ ਪਰਮ-ਅਵਸਥਾ ਦੇ ਬੋਲ ਹੋਣ ਕਰਕੇ ਹੀ ਗੁਰੂ ਗ੍ਰੰਥ ਸਾਹਿਬ ਨੂੰ ਸ਼ਬਦ ਨਾਲ ਉਪਮਾ ਦਿੱਤੀ ਗਈ ਹੈ।

ਗੁਰੂ ਨਾਨਕ ਸਾਹਿਬ ਤੋਂ ਲੈ ਕੇ ਗੁਰੂ ਗੋਬਿੰਦ ਸਿੰਘ ਤੱਕ ਭਾਵੇਂ ਗੁਰੂ ਸਖਸ਼ੀਅਤ ਦੇ ਦਸ ਜਾਮੇ ਸਨ ਪਰ ਜੋਤਿ ਤੇ ਜੁਗਤਿ ਇਕੋ ਰਹੀ। ਜੋਤਿ ਤੋਂ ਭਾਵ ਉਸ ਆਤਮਾ ਤੋਂ ਹੈ ਜੋ ਪਰਮ-ਸੱਤਾ ਨਾਲ ਅਭੇਦਤਾ ਗ੍ਰਹਿਣ ਕਰ ਚੁਕੀ ਹੋਵੇ। ਜੋਤਿ, ਪਰਮੇਸ਼ਰ ਦੀ ਪ੍ਰਕਾਸ਼ਕ ਗਿਆਨ ਸ਼ਕਤੀ ਹੈ ਜਿਸ ਦੇ ਚਾਨਣ ਨਾਲ ਹਰ ਥਾਂ ਪ੍ਰਕਾਸ਼ ਹੋ ਰਿਹਾ

ਹੈ। ਗੁਰੂ ਜੋਤਿ ਸਰੀਰ ਤਾਂ ਭਾਵੇਂ ਬਦਲਦੀ ਰਹੀ ਪਰ ਹਰ ਗੁਰੂ ਸਰੀਰ ਵਿੱਚ ਰਹੀ ਪੂਰਨ ਹੀ — ਜਿਵੇਂ ਇਕ ਦੀਵੇ ਤੋਂ ਦੂਜਾ ਦੀਵਾ ਬਲਦਾ ਹੈ। ਇਹੀ ਕਾਰਨ ਹੈ ਕਿ ਜਦੋਂ ਦਸਮ ਪਾਤਸ਼ਾਹ ਨੇ ਗੁਰੂ ਜੋਤਿ ਨੂੰ 'ਗ੍ਰੰਥ ਸਾਹਿਬ' ਵਿੱਚ ਸਥਿਤ ਕੀਤਾ ਤਾਂ ਉਸੇ ਦਿਨ ਤੋਂ ਹੀ ਸ਼ਬਦ ਪ੍ਰਕਾਸ਼ ਨਾਲ ਸ਼ਿੰਗਾਰੇ "ਗ੍ਰੰਥ ਸਾਹਿਬ" ਨਾਲ ਜਾਗਤਿ ਜੋਤ, ਪੂਰਨ ਗੁਰੂ ਅਵਤਾਰ ਵਰਗੇ ਲਕਬ ਜੁੜ ਗਏ। ਗੁਰੂ ਗ੍ਰੰਥ ਸਾਹਿਬ ਨੂੰ ਗੁਰੂ ਸਿੰਘਾਸਨ ਉਤੇ ਪ੍ਰਕਾਸ਼ਮਾਨ ਕਰਕੇ ਜਿੱਥੇ ਦਸਮ ਗੁਰੂ ਨੇ ਦੇਹਧਾਰੀ ਇਕ ਪੁਰਖੀ ਗੁਰੂ ਪੰਰਪਰਾ ਦਾ ਭੋਗ ਪਾ ਦਿੱਤਾ ਉਥੇ ਸ਼ਬਦ ਗੁਰੂ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬਿਆ ਰਹਿ ਕੇ ਸ਼ਬਦ ਗੁਰੂ ਅਨੁਭਵ ਨਾਲ ਸਿੱਖਾਂ ਨੂੰ ਆਪਣਾ ਸੁਭਾ, ਬੋਲ, ਵਿਚਾਰ ਤੇ ਆਚਾਰ ਘੜਨ ਤੇ ਸਿਰਜਨ ਦਾ ਆਦੇਸ਼ ਵੀ ਦਿੱਤਾ।

ਪ੍ਰਥਮ ਗੁਰੂ ਤੋਂ ਲੈ ਕੇ ਗੁਰੂ ਗ੍ਰੰਥ ਸਾਹਿਬ ਨੂੰ ਗੁਰਿਆਈ ਦੇਣ ਤੱਕ ਸਿੱਖ ਇਤਿਹਾਸ ਵਿੱਚ ਵਿਭਿੰਨ ਮੋੜ ਆਏ। ਇਨ੍ਹਾਂ ਮੋੜਾਂ ਨੂੰ ਸਾਹਿਤਕਾਰਾਂ ਨੇ ਆਪਣੇ ਆਪਣੇ ਨਜ਼ਰੀਏ ਤੋਂ ਵੇਖਿਆ ਹੈ। ਪ੍ਰਿੰਸੀਪਲ ਤੇਜਾ ਸਿੰਘ ਇਸ ਨੂੰ ਜ਼ਿੰਮੇਦਾਰੀ ਦੀ ਚੇਤਨਤਾ (growth of responsibility) ਕਹਿੰਦੇ ਹਨ। ਕੋਈ ਗ੍ਰੰਥ ਓਨੀ ਦੇਰ ਤੱਕ ਗੁਰੂ ਦੀ ਪਦਵੀ ਹਾਸਲ ਨਹੀਂ ਕਰ ਸਕਦਾ ਜਿਤਨੀ ਦੇਰ ਤੱਕ ਉਸ ਦੇ ਪੈਰੋਕਾਰਾਂ ਵਿੱਚ ਜ਼ਿੰਮੇਦਾਰੀ ਦੀ ਚੇਤਨਤਾ ਪੂਰਨ ਰੂਪ ਵਿੱਚ ਨਾ ਆ ਜਾਏ। 'ਗ੍ਰੰਥ ਸਾਹਿਬ' ਦਾ ਸੰਕਲਨ ਭਾਵੇਂ ਸੰਨ ੧੬੦੪ ਵਿੱਚ ਹੋ ਗਿਆ ਸੀ ਪਰ ਗੁਰੂ ਪਦਵੀ ਸੰਨ ੧੭੦੮ ਵਿੱਚ ਹੀ ਪ੍ਰਾਪਤ ਹੋਈ ਕਿਉਂ ਕਿ ਉਦੋਂ ਤੱਕ 'ਸਿੱਖ' ਤੋਂ 'ਸਿੰਘ' ਤੱਕ ਦਾ ਸਫ਼ਰ ਤੈਅ ਹੋ ਚੁੱਕਾ ਸੀ। ਸਿੰਘ ਪਦਵੀ ਉੱਚੀ ਤੋਂ ਉੱਚੀ ਆਤਮਿਕ, ਮਾਨਸਿਕ ਅਤੇ ਬੋਧਿਕ ਪੱਧਰ ਦੀ ਲਖਾਇਕ ਹੈ। ਜਦੋਂ 'ਸਿੱਖ' ਸਿੰਘ ਦੀ ਪਦਵੀ ਤੇ ਪਹੁੰਚਿਆ ਤਾਂ ਗੁਰੂ ਗੋਬਿੰਦ ਸਿੰਘ ਜੀ ਨੇ ਉਸ ਨੂੰ ਗੁਰੂ ਗ੍ਰੰਥ ਸਾਹਿਬ ਦੇ ਰੂਪ ਵਿੱਚ ਇਕ ਅਧਿਆਤਮਕ ਵਿਧਾਨ ਦੇ ਕੇ ਪ੍ਰਣ ਲਿਆ ਕਿ ਉਹ ਸੰਸਾਰ ਵਿੱਚ ਵਾਹਿਗੁਰੂ ਜੀ ਦਾ ਰਾਜ ਸਥਾਪਤ ਕਰੇਗਾ। ਰਾਜੇ ਦਾ ਅਸਰ ਪਰਜਾ ਤੇ ਪੈਂਦਾ ਹੀ ਹੈ। ਸੋ ਜਿੱਥੇ ਵਾਹਿਗੁਰੂ ਜੀ ਦਾ ਰਾਜ ਹੋਏਗਾ ਉਥੇ ਮਨੁੱਖੀ ਸਮਾਜ ਦੀ ਰਹਿਣੀ ਬਹਿਣੀ, ਕਥਨੀ, ਕਰਨੀ, ਸੁਭਾਅ, ਸਭਿਆਚਾਰ ਸਭ ਵਾਹਿਗੁਰੂ ਜੀ ਵਰਗਾ ਹੀ ਹੋਏਗਾ। ਉਥੇ ਜੀਵਨ ਹੋਏਗਾ ਮੌਤ ਨਹੀਂ, ਨਿਰਭੈਤਾ ਹੋਏਗੀ ਭੈ ਨਹੀਂ, ਨਿਰਵੈਰਤਾ ਹੋਏਗੀ ਵੈਰ ਨਹੀਂ, ਸੁੰਦਰਤਾ ਹੋਏਗੀ ਕਰੂਪਤਾ ਨਹੀਂ, ਸਵਾਧੀਨਤਾ ਹੋਇਗੀ ਪ੍ਰਾਧੀਨਤਾ ਨਹੀਂ। ਉਥੋਂ ਦਾ ਹਰ ਮਨੁੱਖ ਬੇਗਮਪੁਰੇ ਤੇ ਅਨੰਦਪੁਰੇ ਦਾ ਵਾਸੀ ਹੋਏਗਾ।

ਬੇਗਮਪੁਰਾ ਸਹਰ ਕੋ ਨਾਉ ॥ ਦੂਖੁ ਅੰਦੋਹੁ ਨਹੀ ਤਿਹਿ ਠਾਉ ॥

– ਗੁਰੂ ਗ੍ਰੰਥ ਸਾਹਿਬ, ਪੰਨਾ ੩੪੫

ਅਜਿਹੇ ਰਾਜ ਵਿੱਚ ਉਚ-ਨੀਚ, ਅਮੀਰ-ਗਰੀਬ, ਰਾਜਾ ਪਰਜਾ ਦੇ ਸਭ ਵਿਤਕਰੇ ਮਿਟ ਜਾਂਦੇ ਹਨ। ਫੇਰ ਨ ਰਾਜਾ ਰਹਿੰਦਾ ਹੈ ਨਾ ਪਰਜਾ, ਨਾ ਗੁਰੂ ਰਹਿੰਦਾ ਹੈ ਤੇ ਨਾ ਚੇਲਾ। ਸਭ ਇਕ ਦੂਸਰੇ ਵਿੱਚ ਅਭੇਦ ਹੋ ਜਾਂਦੇ ਹਨ। ਦ੍ਰਿਸ਼ਟੀਕੋਣ ਬਦਲ ਜਾਂਦੇ ਹਨ। ਅਣਖ, ਸਵੈਮਾਨ ਅਤੇ ਆਪਣੇ ਆਪ ਤੇ ਭਰੋਸਾ ਕਈ ਗੁਣਾ ਵੱਧ ਜਾਂਦਾ ਹੈ। ਅਜਿਹੇ ਸਮਾਜ ਵਿੱਚ ਪਰੋਏ ਹਰ ਮੈਂਬਰ ਨੂੰ ਜ਼ੁੰਮੇਵਾਰੀ ਦਾ ਅਹਿਸਾਸ ਰਹਿੰਦਾ ਹੇ। ਸੋ ਦਸਮ ਗੁਰੂ ਵਲੋਂ "ਗ੍ਰੰਥ" ਨੂੰ ਗੁਰੂ ਸਥਾਪਤ ਕਰਨ ਨਾਲ ਪੰਥ ਦੀ ਜ਼ਿੰਮੇਵਾਰੀ ਵਿੱਚ ਵਾਧਾ ਹੋਇਆ। ਉਸ ਦੇ ਮੋਢਿਆਂ ਤੇ ਭਾਰ ਆ ਪਿਆ ਕਿਉਂਕਿ ਕੋਈ ਧਰਮ ਚਾਹੇ ਕਿੰਨੀਆਂ ਵੀ ਉਚੀਆਂ ਕਦਰਾਂ ਕੀਮਤਾਂ ਤੇ ਉੱਤਮ ਮੁੱਲਾਂ ਦਾ ਧਾਰਨੀ ਕਿਉਂ ਨਾ ਹੋਵੇ, ਜੇ ਉਹ ਜੀਵਨ ਵਿੱਚ ਢਾਲਿਆ ਨਹੀਂ, ਕੇਵਲ ਗ੍ਰੰਥ ਤੱਕ ਹੀ ਸੀਮਤ ਹੈ, ਤਾਂ ਉਹ ਜਲਦੀ ਹੀ ਖਤਮ ਹੋ ਜਾਏਗਾ। ਕਿਸੇ ਧਰਮ ਦੇ ਗੁਣਾਂ ਦੇ ਅਤਿ ਉਚੇ ਹੋਣ ਦਾ ਪ੍ਰਮਾਣ ਉਸ ਨੂੰ ਮੰਨਣ ਵਾਲਿਆਂ ਦਾ ਜੀਵਨ ਹੀ ਪੇਸ਼

ਕਰਦਾ ਹੈ। ਗੁਰੂ ਨਾਨਕ ਸਾਹਿਬ ਨੇ ਨਿਜ ਅਨੁਭਵੀ ਨਿਰਮਲ ਪੰਥ ਦੀ ਸਿਰਜਨਾ ਕੀਤੀ। ਪੰਥ ਦਾ ਜੇ ਇਕ ਅਰਥ ਮਾਰਗ ਹੈ ਤਾਂ ਦੂਸਰਾ ਅਰਥ ਮਾਰਗ ਤੇ ਚਲਣ ਵਾਲਿਆਂ ਦਾ ਸਮੂਹ ਵੀ ਹੈ। ਜੇ ਧਰਮ ਪੰਥ ਤੇ ਚਲਣ ਵਾਲੇ ਹੀ ਨਾ ਹੋਣ ਤਾਂ ਪੰਥ ਦੀ ਹੋਂਦ ਹੀ ਖਤਰੇ ਵਿੱਚ ਪੈ ਜਾਂਦੀ ਹੈ। ਇਸੇ ਲਈ ਗੁਰੂ ਨਾਨਕ ਸਾਹਿਬ ਨੇ ਜਿੱਥੇ ਵਿਅਕਤੀਵਾਦ ਦੇ ਬੰਧਨ ਤੋਂ ਛੁਟਕਾਰਾ ਦਿਵਾਉਣ ਲਈ ਬਾਣੀ ਨੂੰ ਗੁਰੂ ਕਹਿ ਕੇ ਸਤਿਕਾਰਿਆ, ਉਥੇ ਨਾਲ ਹੀ ਸੰਗਤ ਦਾ ਸਿਧਾਂਤ ਵੀ ਪ੍ਰਚਾਰਿਆ। ਗੁਰੂ ਨੂੰ ਵੀਹ ਵਿਸਵੇ ਤੇ ਸੰਗਤ ਨੂੰ ਇੱਕੀ ਵਿਸਵੇ ਕਿਹਾ ਗਿਆ ਹੈ। ਸਪਸ਼ਟ ਹੈ ਕਿ ਗੁਰੂ ਸਾਹਿਬ ਚੇਤੰਨ ਰੂਪ ਵਿੱਚ ਸੰਗਤ (ਪੰਥ) ਦਾ ਗੌਰਵ ਸਥਾਪਤ ਕਰ ਰਹੇ ਸਨ। ਦੁਨੀਆਂ ਵਿੱਚ ਬੜੇ ਬੜੇ ਪੰਥ ਹੋਏ ਹਨ, ਪਰ ਸਮਾਂ ਪਾ ਕੇ ਉਹ ਮੁਰਦਾ ਹੁੰਦੇ ਗਏ। ਕਾਰਨ ਇਹ ਕਿ ਹਰ ਮਜ਼ਹਬ ਨੂੰ ਅਸਲ ਜ਼ਿੰਦਗੀ ਦੀ ਮਜ਼ਬੂਤੀ ਲਈ ਸਮੇਂ ਅਤੇ ਹਾਲਤ ਅਨੁਸਾਰ ਕੁਝ ਫੈਸਲੇ ਲੈਣੇ ਪੈਂਦੇ ਹਨ। ਪਰੰਤੂ ਅਜਿਹੇ ਫੈਸਲੇ ਉਸੇ ਮਜ਼ਹਬ ਦੇ ਪੈਰੋਕਾਰ ਹੀ ਲੈ ਸਕਦੇ ਹਨ ਜਿਨ੍ਹਾਂ ਕੋਲ ਇਹ ਹੱਕ ਹੋਵੇ। ਸੰਸਾਰ ਦੇ ਸਾਰੇ ਧਰਮਾਂ ਵਿੱਚੋਂ ਕੇਵਲ ਸਿੱਖ ਧਰਮ ਹੀ ਐਸਾ ਹੈ ਜਿਸ ਦੇ ਪੈਰੋਕਾਰਾਂ ਨੂੰ ਇਹ ਹੱਕ ਪ੍ਰਾਪਤ ਹੈ। ਇਸੇ ਲਈ ਇਹ ਪੰਥ ਕੇਵਲ ਪੰਥ ਨਾ ਰਹਿ ਕੇ ਗੁਰੂ ਪੰਥ ਬਣ ਜਾਂਦਾ ਹੈ। 'ਪੰਥ' ਨੂੰ ਗੁਰੂ ਦੀ ਪਦਵੀ ਗੁਰੂ ਸਾਹਿਬ ਦੇ ਜੋਤੀ ਜੋਤ ਸਮਾਉਣ ਤੋਂ ਪਿੱਛੋਂ ਨਹੀਂ ਮਿਲੀ। ਇਹ ਪਦਵੀ ਉਸ ਨੂੰ ਗੁਰੂ ਸਾਹਿਬ ਦੇ ਸਰੀਰਕ ਰੂਪ ਵਿੱਚ ਹੁੰਦਿਆਂ ਵੀ ਪ੍ਰਾਪਤ ਸੀ। ਦਸਮ ਗੁਰੂ ਦੇ ਹਜ਼ੂਰੀ ਕਵੀਆਂ ਵਿੱਚੋਂ ਕੰਕਣ ਕਵੀ ਦਾ ਕਥਨ ਹੈ :

ਸਿੱਖ ਸਭੈ ਹਮਰੇ ਗੁਰ ਹੌ ਤੁਮ,
ਮੈ ਹੋ ਗੁਰੂ ਜਗ ਮਾਹਿ ਤੁਮਾਰਾ ॥
ਜੋ ਕਰਿ ਹੈ ਤੁਮਰਾ ਕੋਊ ਦਰਸਨ,
ਜਾਨੋ ਕੀਆ ਤਿਨ ਦਰਸ ਹਮਾਰਾ ॥

ਵਾਹਿਗੁਰੂ ਇਹ ਬਚਨ ਸੁਨਾਯਾ।
ਗੁਰੂ ਖਾਲਸਾ ਨਾਮ ਧਰਾਯਾ।
ਤੁਮ ਮੇਰੇ ਮੈਂ ਤੁਮਰਾ ਹੂਆ।
ਤੁਮਰਾ ਹਮਰਾ ਗੁਰੂ ਨਾ ਦੂਆ ॥

ਗੁਰੂ ਸਾਹਿਬ ਨੇ ਖਾਲਸੇ ਨੂੰ ਗੁਰੂ ਕਿਹਾ ਹੀ ਨਹੀਂ ਸਗੋਂ ਅਮਲੀ ਰੂਪ ਵਿੱਚ ਸਵੀਕਾਰ ਵੀ ਕੀਤਾ। ਚਮਕੌਰ ਦੀ ਗੜ੍ਹੀ ਵਿੱਚੋਂ ਨਿਕਲਣ ਅਤੇ ਦਾਦੂ ਦੀ ਕਬਰ ਤੇ ਤੀਰ ਨਾਲ ਨਮਸਕਾਰ ਕਰਨ ਦੀਆਂ ਘਟਨਾਵਾਂ ਇਸ ਗੱਲ ਦੀ ਗਵਾਹੀ ਭਰਦੀਆਂ ਹਨ। ਸੋ ਗੁਰੂ ਖਾਲਸਾ ਨਿਰਅਧਿਕਾਰੀ ਸੰਗਤ ਨਹੀਂ, ਸਗੋਂ ਗੁਰੂ ਤਤੂ ਦਾ ਧਾਰਨੀ ਹੋ ਕੇ ਗੁਰੂ ਦੇ ਉੱਚ ਅਧਿਕਾਰਾਂ ਵਾਲਾ ਵੀ ਹੈ। ਪਰ ਇਸ ਅਧਿਕਾਰ ਨੂੰ ਮਾਨਣ ਦਾ ਅਧਿਕਾਰੀ ਕੌਣ ਹੈ ? ਕਵੀ ਸੈਨਾਪਤੀ ਦੇ ਸ਼ਬਦਾਂ ਵਿੱਚ —

ਮਾਨੇਗਾ ਹੁਕਮ ਸੋ ਤੋ ਹੋਵੇਗਾ ਸਿੱਖ ਸਹੀ ,
ਨਾ ਮਾਨੇਗਾ ਹੁਕਮ ਸੋ ਤੋ ਹੋਵੇਗਾ ਬਿਹਾਲਸਾ ॥
ਹੁਕਮ ਨਾ ਮਾਨੈ ਖਸਮ ਕਾ, ਜਿਨਿ ਰਾਹ ਬਤਾਇਆ ॥
ਜੀ ! ਓਇ ਕਪਟੀ, ਹੋਇ ਨਾ ਖਾਲਸਾ , ਕੇਤਾ ਸਮਝਾਇਆ ॥

ਜਿਸ ਪੰਥ ਨੂੰ ਗੁਰੂ ਦੇ ਅਧਿਕਾਰ ਪ੍ਰਾਪਤ ਹਨ ਉਸ ਵਾਸਤੇ ਇਕ ਵਿਸ਼ੇਸ਼ ਜੀਵਨ ਸ਼ੈਲੀ, ਆਤਮ ਰਹਿਤ ਅਤੇ ਜੀਵਨ ਮਰਿਯਾਦਾ ਵੀ ਨਿਸ਼ਚਿਤ ਕੀਤੀ ਗਈ ਹੈ :

ਪ੍ਰਥਮ ਰਹਤ ਯਹ ਜਾਨ ਖੰਡੇ ਕੀ ਪਾਹੁਲ ਛਕੇ ॥
ਸੋਈ ਸਿੰਘ ਪ੍ਰਧਾਨ, ਅਵਰ ਨ ਪਾਹੁਲ ਜੋ ਲਏ ॥
ਖਾਲਸਾ ਖਾਸ ਕਹਾਵੈ ਸੋਈ , ਜਾ ਕੈ ਹਿਰਦੈ ਭਰਮ ਨ ਹੋਈ ॥
ਭਰਮ ਭੇਖ ਤੇ ਰਹੈ ਨਿਆਰਾ ॥ ਸੋ ਖਾਲਸਾ ਸਤਿਗੁਰੂ ਹਮਾਰਾ ॥
ਜਬ ਲਗ ਖਾਲਸਾ ਰਹੈ ਨਿਆਰਾ ॥ ਤਬ ਲਗ ਤੇਜ ਦੀਉ ਮੈ ਸਾਰਾ ॥
ਜਬ ਇਹ ਗਹੈ ਬਿਪਰਨ ਕੀ ਰੀਤ ॥ ਮੈ ਨਾ ਕਰੋਂ ਇਨ ਕੀ ਪ੍ਰਤੀਤ ॥

ਸੋ ਖਾਲਸੇ ਨੂੰ ਗੁਰੂ ਪਦਵੀ ਦੇ ਧਾਰਨੀ ਰਹਿਣ ਲਈ ਆਨਮਤੀਆਂ ਦੇ ਮਿਲਗੋਭੇਪਨ ਤੋਂ ਬਚਣਾ ਪਏਗਾ। ਗੁਰੂ ਗ੍ਰੰਥ ਸਾਹਿਬ ਵਿੱਚ ਅਕਾਲ ਪੁਰਖ ਦੀ ਮੌਜ ਵਿੱਚ ਪ੍ਰਗਟੇ ਖਾਲਸੇ ਦੇ ਲੱਛਣ ਦਰਜ ਹਨ :

ਕਹੁ ਕਬੀਰ ਜਨ ਭਏ ਖਾਲਸੇ ਪ੍ਰੇਮ ਭਗਤਿ ਜਿਹ ਜਾਨੀ ॥

– ਗੁਰੂ ਗ੍ਰੰਥ ਸਾਹਿਬ, ਪੰਨਾ ੬੫੫

ਇਸ ਭਾਵ ਨੂੰ ਦਸਮ ਪਿਤਾ ਨੇ ਇੰਞ ਦਰਸਾਇਆ ਹੈ :

ਪੂਰਨ ਜੋਤਿ ਜਗੈ ਘਟ ਮੈ ਤਬ ਖਾਲਸ ਤਾਹਿ ਨਖਾਲਸ ਜਾਨੈ ॥

"ਪ੍ਰੇਮ ਭਗਤ ਤਿਹ ਜਾਨੀ" ਵਾਲੀ ਅਵਸਥਾ ਅਤੇ "ਪੂਰਨ ਜੋਤ ਜਗੈ ਘਟ ਮੈ" ਵਾਲੇ ਰੰਗਾਂ ਵਾਲਾ ਹੀ ਖਾਲਸਾ ਹੈ। ਅਜਿਹੀ ਪ੍ਰਤਿਭਾ ਵਾਲੇ ਵਿਅਕਤੀਆਂ ਦੀ ਹੀ ਗੁਰੂ ਗੋਬਿੰਦ ਸਿੰਘ ਸਾਹਿਬ ਨੇ ਬੜੀ ਨਿਮਰਤਾ ਨਾਲ ਪ੍ਰਸ਼ੰਸਾ ਕਰਦਿਆਂ ਕਿਹਾ ਹੈ :

ਇਨਹੀ ਕੀ ਕਿਰਪਾ ਕੇ ਸਜੇ ਹਮ ਹੈ ॥ ਨਹੀਂ ਮੋ ਸੋ ਗਰੀਬ ਕਰੋਰ ਪਰੇ ॥

ਖਾਲਸੇ ਦਾ ਇਹ ਰੂਪ ਹੀ ਗੁਰੂ ਨਾਨਕ ਨੇ ਸੁਪਨਿਆ ਅਤੇ ਖਾਲਸੇ ਦੇ ਅਜਿਹੇ ਸਰੂਪ ਨੂੰ ਹੀ ਦਸਮ ਗੁਰੂ ਨੇ ਗੁਰੂ ਦੀਖਿਆ ਦੇਣ ਦਾ ਕਾਰਜ ਸੌਂਪਿਆ। ਗੁਰੂ ਦੀਖਿਆ ਦੇਣ ਦਾ ਕਾਰਜ ਅੰਮ੍ਰਿਤ ਭਿੰਨੀ ਦੇਹੁਰੀ ਵਾਲੇ ਗੁਰਮੁਖਾਂ ਦਾ ਹੀ ਹੈ, ਕਿਉਂਕਿ ਜਿਨ੍ਹਾਂ ਦੇ ਆਪਣੇ ਅੰਦਰ ਹੀ ਨਾਮ ਬਾਣੀ ਦਾ ਰਸ ਨਹੀਂ ਘੁਲਿਆ ਉਹ ਅੰਮ੍ਰਿਤ ਤਿਆਰ ਕਰਨ ਵੇਲੇ ਅੰਮ੍ਰਿਤ ਰਸ ਬਾਣੀ ਵਿੱਚ ਅਭੇਦ ਨਹੀਂ ਹੋ ਸਕਦੇ, ਅਤੇ ਨਾ ਹੀ ਅੰਮ੍ਰਿਤ ਅਭਿਲਾਖੀਆਂ ਅੰਦਰ ਉਸ ਬਾਣੀ ਦਾ ਸੰਚਾਰ ਕਰ ਸਕਦੇ ਹਨ। ਅੰਮ੍ਰਿਤ ਛਕਣਾ ਅਤੇ ਛਕਾਉਣਾ ਕੋਈ ਰਸਮ ਨਹੀਂ, ਸਗੋਂ ਇਹ ਗੁਰੂ ਦੀਖਿਆ ਲੈਣ ਤੇ ਦੇਣ ਦਾ ਕਾਰਜ ਹੈ। ਸੋ ਇਸ ਕਾਰਜ ਲਈ ਰਸ ਭਿੰਨੜੇ ਗੁਰਮੁਖ ਜਨ ਲੋੜੀਂਦੇ ਹਨ, ਤਾਂ ਹੀ ਗੁਰੂ ਵਾਲੇ ਗੁਣ ਅਤੇ ਗੁਰੂ ਵਾਲੀ ਸ਼ਕਤੀ ਤੇ ਆਭਾ ਪ੍ਰਜੂਲਿਤ ਹੋ ਸਕਦੀ ਹੈ। ਪ੍ਰੋਫੈਸਰ ਪੂਰਨ ਸਿੰਘ ਇਕ ਥਾਂ ਲਿਖਦੇ ਹਨ ਕਿ ਇਕ ਵਾਰ ਕਿਸੇ ਨੇ ਇਕ ਭਗਤੀ ਰੱਤੇ ਗੁਰਮੁਖ ਜਨ ਤੋਂ ਇਹ ਪੁਛ ਕੀਤੀ ਕਿ ਕੀ ਉਹ ਇਤਨੇ ਨਾਮਵਰ ਹਨ ਕਿ ਉਹਨਾਂ ਵਿੱਚ ਅਜਿਹੀ ਸ਼ਕਤੀ ਆ ਗਈ ਹੋਵੇ ਕਿ ਉਹ ਗੁਰੂ ਵਾਂਗ ਲੋਕਾਂ ਦੇ ਹਿਰਦਿਆਂ ਵਿੱਚ ਨਾਮ ਦੇ ਬੀਜ ਬੀਜ ਸਕਣ ? ਗੁਰੂ ਦੇ ਸਿੱਖ ਨੇ ਸ਼ਾਂਤ ਚਿਤ ਰੂਪ ਵਿੱਚ ਇੰਞ ਉਤਰ ਦਿੱਤਾ, "ਮੇਰੀ ਕੌਣ ਇੰਞ ਅਕਾਰਨ ਨਿੰਦਾ ਕਰ ਸਕਦਾ ਹੈ ? ਇਹ ਤਾਂ ਕੋਈ ਵੀ ਨਹੀਂ ਜਾਣ ਸਕਦਾ ਕਿ ਮੇਰੇ ਤੇ ਗੁਰੂ ਵਿੱਚ ਕੀ ਸਬੰਧ ਹਨ ? ਉਹ ਮੇਰੇ ਲਈ ਕੌਣ ਹੈ ਤੇ ਮੈਂ ਉਸ ਲਈ ਕੀ ਹਾਂ ? ਪਰ ਗੁਰੂ ਦੇ ਹਰ ਸਿੱਖ ਵਿੱਚ ਆਪਣੇ ਪਿਤਾ ਦੀ

ਸੱਤਾ ਵਿਦਮਾਨ ਹੁੰਦੀ ਹੈ। ਇਸ ਤਰ੍ਹਾਂ ਉਹ ਪਿਤਾ ਵਾਲਾ ਹਰ ਕਰਤੱਵ ਵੀ ਨਿਭਾ ਸਕਦਾ ਹੈ। ਇੰਝ ਉਹ ਮੁਰਦਾ ਮਨੁੱਖਤਾ ਵਿੱਚ ਜੀਵਨ ਦਾ ਬੀਜ ਬੀਜ ਕੇ ਉਸ ਵਿੱਚ ਨਵੀਆਂ ਸੰਭਾਵਨਾਵਾਂ ਨੂੰ ਉਜਾਗਰ ਕਰਨ ਦੀ ਸਮਰਥਾ ਰੱਖਦਾ ਹੈ। ਨਿਰਸੰਦੇਹ ਉਹ ਕਹਿ ਸਕਦਾ ਹੈ ਕਿ ਮੈਂ ਉਸ ਦਾ ਪੁੱਤਰ ਹਾਂ ਅਤੇ ਪਿਤਾ ਹੋਣ ਦੇ ਗੁਣ ਵੀ ਰੱਖਦਾ ਹਾਂ। ਸੋ ਖਾਲਸਾ ਗੁਰੂ ਪਿਤਾ ਦੇ ਗੁਣ ਰਖਦਾ ਹੋਇਆ ਆਪ ਵੀ ਗੁਰੂ ਬਣਨ ਦੇ ਸਮਰੱਥ ਹੈ। ਲੋੜ ਕੇਵਲ ਇਸ ਗੱਲ ਦੀ ਹੈ ਕਿ ਆਪਣੇ ਆਪ ਨੂੰ ਗੰਧਲਾ ਹੋਣ ਤੋਂ ਬਚਾਏ। ਪਾਣੀ ਦਾ ਕੁਦਰਤੀ ਸੁਭਾਉ ਨਿਰਮਲਤਾ ਹੈ ਪਰ ਕਈ ਵਾਰ ਮਿੱਟੀ ਘੱਟਾ ਪੈਣ ਨਾਲ ਗੰਧਲਾ ਵੀ ਹੋ ਜਾਂਦਾ ਹੈ। ਤਿਵੇਂ ਹੀ ਪੰਥ ਵੀ ਸੁਭਾਅ ਪੱਖੋਂ ਨਿਰਮਲ ਹੈ। ਬਸ, ਇਸ ਨੂੰ ਮਿੱਟੀ ਘੱਟੇ ਤੋਂ ਬਚਾਉਣਾ ਹੈ। ਇਹ ਠੀਕ ਹੈ ਕਿ ਪੰਥ ਗੁਰੂ ਦਾ ਹੈ ਅਤੇ ਉਸੇ ਨੇ ਹੀ ਇਸ ਨੂੰ ਬਚਾਉਣਾ ਹੈ, ਪਰ ਖਾਲਸੇ ਨੇ 'ਉਦਮ ਕਰੇਦਿਆ ਜੀਉ ਤੂ ਕਮਾਵਦਿਆ ਸੁਖ ਭੁੰਚ' ਦਾ ਆਦਰਸ਼ ਤਿਆਗਣਾ ਨਹੀਂ। ਇਸੇ ਲਈ ਭਾਈ ਕੇਸਰ ਸਿੰਘ ਛਿੱਬਰ '*ਬੰਸਾਵਲੀਨਾਮਾਂ*' ਵਿੱਚ ਚੇਤਾਵਨੀ ਦੇਂਦੇ ਲਿਖਦੇ ਹਨ :

> ਪੰਥ ਹੈ ਗੁਰੂ ਕਾ, ਪੰਥ ਕਾ ਵਾਧਾ ਵਾਹਿਗੁਰੂ ਹੈ ਕਰਨਾ। ਪਰ ਰਉਲੇ ਦੇ ਸਿੱਖਾਂ ਪਾਸੋਂ ਭੀ ਡਰਨਾ।
> ਜਬ ਪੰਥ ਰਉਲੇ ਦਾ ਪ੍ਰਗਟ ਹੋਵੇਗਾ। ਤਾਂ ਪ੍ਰੀਤ ਭਾਉ ਅਦਬ ਗ੍ਰੰਥ ਸਾਹਿਬ ਦਾ ਖੋਵੈਗਾ।
> ਜਾਂ ਅੰਤ ਸਮਾਂ ਪੰਥ ਦਾ ਆਵੈਗਾ। ਤਾ ਰਉਲੇ ਦਾ ਪੰਥ ਉਪਜਾਵੈਗਾ।
> ਜਾ ਕਰਨ ਲਗਣਗੇ ਕਰਮਹੀਣ। ਤਪ ਤੇਜ ਬਲ ਸਭਿ ਹੋਇ ਜਾਸੀ ਖੀਣ।
> ਤਪੋਂ ਰਾਜੁ ਤੇ ਰਾਜੋਂ ਨਰਕੁ। ਇਸ ਮੇ ਰਤੀ ਨ ਜਾਣੋ ਫਰਕੁ।
> ਰਉਲੇ ਦੇ ਸਿੱਖ ਹਵਾਲੇ ਰਾਇ ਧਰਮ ਦੇ। ਫਲੁ ਦੇਸੀ ਕੀਤੇ ਕਰਮ ਅਕਰਮ ਦੇ।

ਇਸ ਚਿਤਾਵਨੀ ਨੂੰ ਚਿਤਾਰਦੇ ਹੋਏ ਪੰਥ ਨੇ ਹਮੇਸ਼ਾ ਗੁਰੂ ਗ੍ਰੰਥ ਦੀ ਤਾਬਿਆ ਰਹਿ ਕੇ ਰਉਲੇ ਦੇ ਸਿੱਖਾਂ ਪਾਸੋਂ ਡਰਨਾ ਹੈ। ਭਾਈ ਰਤਨ ਸਿੰਘ ਭੰਗੂ ਦੇ ਸ਼ਬਦਾਂ ਵਿੱਚ :

> ਯੌ ਸਤਿਗੁਰ ਕੰਮ ਸਭ ਖਾਲਸੈ ਦੀਯੋ॥ ਮੁਖਤਯਾਰ ਖਾਲਸਾ ਸਭ ਥਾਂ ਕੀਯੋ॥

ਗੁਰੂ ਨੇ ਤਾਂ ਖਾਲਸੇ ਨੂੰ ਮੁਖਤਿਆਰ ਬਣਾ ਦਿੱਤਾ ਹੈ। ਹੁਣ ਖਾਲਸੇ ਨੇ ਇਸ ਮੁਖਤਿਆਰਨਾਮੇ ਦੀ ਲਾਜ ਰੱਖਣੀ ਹੈ। ਗੁਰੂ ਮਿਸ਼ਨ ਇਕ ਸਚਿਆਰ ਪੁਰਖ ਦੀ ਘਾੜਤ ਸੀ, ਅਜਿਹਾ ਸਚਿਆਰ ਪੁਰਖ ਜੋ ਰੂਹਾਨੀ ਅਤੇ ਇਖ਼ਲਾਕੀ ਕਦਰਾਂ ਕੀਮਤਾਂ ਨਾਲ ਲੈਸ ਹੋ ਕੇ ਇਕ ਨਰੋਏ ਸਮਾਜ ਦੀ ਸਿਰਜਨਾ ਕਰ ਸਕੇ। ਹੁਣ ਇਹ ਜ਼ੁੰਮੇਵਾਰੀ ਗੁਰੂ ਖਾਲਸੇ ਉਪਰ ਹੈ ਜਿਸ ਨੂੰ ਦਸਮ ਪਿਤਾ ਨੇ ਆਪਣਾ ਖਾਸ ਰੂਪ ਅਤੇ ਆਪਣਾ ਪਿਆਰਾ ਪੁੱਤਰ ਕਹਿ ਕੇ ਸਤਿਕਾਰਿਆ ਹੈ। ਹੁਣ ਇਸ ਪਿਆਰੇ ਪੁੱਤਰ ਖਾਲਸੇ ਨੇ ਹੀ ਹਰ ਤਰ੍ਹਾਂ ਦੇ ਜਬਰ ਜ਼ੁਲਮ ਤੇ ਅਨਿਆਂ ਵਿਰੁੱਧ ਨਿਰੰਤਰ ਜੂਝਦੇ ਹੋਏ ਗੁਰੂ ਗ੍ਰੰਥ ਦੀ ਸਿਧਾਂਤਕ ਰੌਸ਼ਨੀ ਵਿੱਚ ਇਕ ਅਜਿਹਾ ਵਿਸ਼ਵ ਵਿਆਪੀ ਢਾਂਚਾ ਉਸਾਰਨਾ ਹੈ ਜੋ ਸਰਬੱਤ ਦੇ ਭਲੇ ਅਤੇ ਸਰਬ ਸਾਂਝੀਵਾਲਤਾ ਦੇ ਸੰਕਲਪ ਨੂੰ ਮੂਰਤੀਮਾਨ ਕਰੇ। ਗੁਰੂ ਗ੍ਰੰਥ ਦੀ ਵਿਚਾਰਧਾਰਾ ਨੂੰ ਵਿਵਹਾਰਕ ਤੌਰ ਤੇ ਸਥਾਪਤ ਕਰਨ ਦੀ ਜ਼ਿੰਮੇਵਾਰੀ ਹੁਣ ਗੁਰੂ ਪੰਥ ਦੀ ਹੈ।